PUNJABI

# ਹੰਸਲੋ ਹੋਮਜ਼ ਦੀ ਵੈੱਬਸਾਈਟ ’ਤੇ  ਤੁਹਾਡਾ ਸਵਾਗਤ ਹੈ

**ਹੰਸਲੋ ਹੋਮਜ਼** ਸੰਸਥਾ ਸੰਨ 2002 ਵਿਚ ਬਣੀ ਸੀ। ਇਹਦੇ ਨਾਲ਼ ਦੀਆਂ ਸਾਰੇ ਦੇਸ਼ ਵਿਚ ਅੱਠ ਸੰਸਥਾਵਾਂ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਆਲਮੋ – ਆਰਮਜ਼ ਲੈਂਗਥ ਮੈਨੇਜਮੈਂਟ ਔਰਗਨਾਈਜ਼ੇਸ਼ਨਜ਼ (ALMO's) – ਕਿਹਾ ਜਾਂਦਾ ਹੈ। ਔਡਿਟ ਕਮਿਸ਼ਨ ਨੇ **ਹੰਸਲੋ ਹੋਮਜ਼** ਨੂੰ ਮਈ 2005 ਵਿਚ ਆਹਲਾ ਦਰਜੇ ਦੀਆਂ ਹਾਉਜ਼ਿੰਗ ਸਰਵਿਸਾਂ ਦੇਣ ਕਰਕੇ ਉਚਤਮ ਤਿੰਨ ਸਿਤਾਰੇ ਦਾ ਇਨਾਮ ਦਿੱਤਾ ਸੀ।

ਹੰਸਲੋ ਕੌਂਸਲ **ਹੰਸਲੋ ਹੋਮਜ਼** ਦੀ ਮਾਲਿਕ ਹੈ। ਇਹ ਕੌਂਸਲ ਦੇ 16 ਹਜ਼ਾਰ 500 ਘਰਾਂ ਦਾ ਪ੍ਰਬੰਧ ਕਰਦੀ ਹੈ। ਸੰਨ 2006 ਵਿਚ ਇਹਨੇ 100 ਮਿਲੀਅਨ ਪੌਂਡ ਦੀ ਲਾਗਤ ਨਾਲ਼ ਘਰਾਂ ਦੀ ਰੀਫ਼ਰਬਿਸ਼ਮੈਂਟ (ਨਵ-ਨਿਰਮਾਣ) ਕਰਕੇ ਕੌਂਸਲ ਦੇ ਸਾਰੇ ਘਰ ਸਰਕਾਰ ਦੇ ਮਿਥੇ ਵੇਲੇ ਤੋਂ ਚਾਰ ਸਾਲ ਪਹਿਲਾਂ ਹੀ ਡੀਸੈਂਟ ਹੋਮਜ਼ ਸਟੈਂਡਰਡ ਵਾਲ਼ੇ ਬਣਾ ਦਿੱਤੇ।

ਇਨ੍ਹਾਂ ਘਰਾਂ ਚ ਰਹਿਣ ਵਾਲ਼ਿਆਂ ਨੂੰ ਕਈ ਕਿਸਮ ਦੀਆਂ ਸਰਵਿਸਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ – ਮੁਫ਼ਤ ਫ਼ੋਨ ਨੰਬਰ ਵਾਲ਼ਾ ਕਸਟਮਰ ਸਰਵਿਸ ਸੈਂਟਰ, ਸਮਾਜ-ਵਿਰੋਧੀ ਸਲੂਕ ਕਰਨ ਵਾਲ਼ਿਆਂ ਨਾਲ਼ ਨਜਿੱਠਣ ਲਈ ਅਫ਼ਸਰਾਂ ਦੀ ਟੀਮ, ਜੋ ਵਸਨੀਕਾਂ ਨੂੰ ਸਲਾਹ-ਮਸ਼ਵਿਰਾ ਦਿੰਦੀ ਤੇ ਹੋਰ ਮਦਦ ਵੀ ਕਰਦੀ ਹੈ ਅਤੇ ਕੇਅਰਟੇਕਿੰਗ ਤੇ ਗਰਾਉਂਡਜ਼ ਮੇਨਟੇਨੈਂਸ (ਸਾਂਭ-ਸੰਭਾਲ਼) ਸਰਵਿਸ।

ਸਾਡੀ ਜ਼ਿੰਮੇਦਾਰੀ ਉਹ ਬਹੁਤ ਸਾਰੇ ਕੰਮ ਕਰਨ ਦੀ ਹੈ, ਜੋ ਪਹਿਲਾਂ ਹੰਸਲੋ ਕੌਂਸਲ ਦਾ ਹਾਉਜ਼ਿੰਗ ਮਹਿਕਮਾ ਕਰਦਾ ਹੁੰਦਾ ਸੀ। ਇਹ ਕੰਮ ਹਨ – ਘਰਾਂ ਦੇ ਸੁਧਾਰ ਦਾ ਕੰਮ, ਲੀਜ਼ਹੋਲਡਰ ਸਰਵਿਸਾਂ, ਵਸਨੀਕਾਂ ਦੀ ਸ਼ਮੂਲੀਅਤ, ਹੋਮ ਓਨਰਸ਼ਿਪ (ਘਰਾਂ ਦੀ ਮਲਕੀਅਤ), ਰੈਂਟ (ਕਿਰਾਏ), ਕਸਟਮਰ ਸਰਵਿਸਾਂ, ਟ੍ਰੇਨਿੰਗ, ਹੋਰ ਮਹਿਕਮਿਆਂ ਨਾਲ਼ ਪਾਰਟਨਰਿੰਗ (ਸਾਂਝੇਦਾਰੀ), ਪ੍ਰੋਕਿਉਰਮੈਂਟ (ਵਸੂਲੀ) ਤੇ ਸਰਵਿਸ ਡੀਵੈਲਪਮੈਂਟ (ਵਿਕਾਸ)।

ਬਿਹਤਰ ਰਿਹਾਇਸ਼, ਸਰਵਿਸਾਂ ਅਤੇ ਵਧੇਰੇ ਮਹਫ਼ੂਜ਼ ਘਰ-ਗਵਾਂਢ ਮੁਹੱਈਆ ਕਰਨ ਲਈ **ਹੰਸਲੋ ਹੋਮਜ਼** ਵਚਨਬੱਧ ਹੈ। ਸਹੀ ਕਿਸਮ ਦੀਆਂ ਸਰਵਿਸਾਂ ਪ੍ਰਦਾਨ ਕਰਨ ਲਈ ਅਪਣੇ ਟੈਨੈਂਟਾਂ ਤੇ ਪਾਰਟਨਰਾਂ ਨਾਲ਼ ਚੰਗੀ ਤਰ੍ਹਾਂ ਮਿਲ਼ ਕੇ ਕੰਮ ਕਰਨ ਨੂੰ ਅਸੀਂ ਬਹੁਤ ਅਹਿਮੀਅਤ ਦਿੰਦੇ ਹਾਂ।

## ਵੈੱਬਸਾਈਟ ਦੀ ਵਰਤੋਂ

ਸਾਰੀ ਜਾਣਕਾਰੀ ਪੇਜ ਤੋਂ ਅੰਗਰੇਜ਼ੀ ਦੇ A-Z ਤਕ ਦੇ ਅੱਖਰਾਂ ਦੇ ਹਿਸਾਬ ਦਰਜ ਕੀਤੀਆਂ ਸਰਵਿਸਾਂ ਦੇ ਲਿੰਕ ’ਤੇ ਕਲਿੱਕ ਕਰਕੇ ਦੇਖੀ-ਪੜ੍ਹੀ ਜਾ ਸਕਦੀ ਹੈ।

## ਔਨਲਾਈਨ ਸਰਵਿਸਾਂ

ਇਸ ਵੈੱਬਸਾਈਟ ਰਾਹੀਂ ਤੁਸੀਂ :

- ਅਪਣਾ ਰੈਂਟ ਔਨ ਲਾਈਨ ਤਾਰ ਸਕਦੇ ਹੋ Pay your rent online
- ਅਪਣੇ ਲੀਜ਼ਹੋਲਡ ਸਰਵਿਸ ਚਾਰਜ ਔਨ ਲਾਈਨ ਤਾਰ ਸਕਦੇ ਹੋ Pay your leasehold service charges online
- ਘਰ ਚ ਕਿਸੇ ਕਿਸਮ ਦੀ ਮੁਰੰਮਤ ਕਰਨ ਲਈ ਆਖ ਸਕਦੇ ਹੋ Report a Repair

## ਤਰਜਮਾ/ਅਨੁਵਾਦ

ਇਸ ਸਾਈਟ ’ਤੇ ਦਰਜ ਜਾਣਕਾਰੀ ਪੰਜਾਬੀ ਜਾਂ ਕਿਸੇ ਹੋਰ ਬੋਲੀ ਵਿਚ ਉਲਥਵਾਣੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਨੰਬਰ ’ਤੇ ਟਰਾਂਸਲੇਸ਼ਨ ਐਂਡ ਇੰਟਰਪ੍ਰਟੇਸ਼ਨ ਸਰਵਿਸ ਨੂੰ 020 8583 2299 ਨੰਬਰ ’ਤੇ ਫ਼ੋਨ ਕਰੋ ਜਾਂ ਈਮੇਲ ਕਰੋ – translations@hounslow.gov.uk.

ਲੈਂਗੁਏਜ ਲਾਈਨ ਜਾਣਕਾਰੀ ਦਾ ਉਲਥਾ ਤੁਹਾਡੇ ਵਾਸਤੇ ਹੇਠ ਲਿਖੇ ਰੂਪਾਂ ਵਿਚ ਬਣਵਾ ਕੇ ਦੇ ਸਕਦੀ ਹੈ:

- ਬਰੇਲ Braille
- ਸੁਣਨ ਵਾਲ਼ੀ ਰੀਲ। ਸੀ ਡੀ Audio Tape/CD
- ਵੱਡੇ ਛਾਪੇ ਵਿਚ Large print
- ਸੌਖੀ ਲਿਖਤ (ਤਸਵੀਰਾਂ ਸਮੇਤ ਸਾਦੀ ਬੋਲੀ ਵਿਚ)
  Easy read (simplified text and pictures)

ਆਮ ਪੁੱਛ-ਗਿੱਛ ਵਾਸਤੇ ਸਾਡੇ ਕਸਟਮਰ ਸਰਵਿਸ ਸੈਂਟਰ ਵਿਚ ਪੰਜਾਬੀ-ਅੰਗਰੇਜ਼ੀ ਬੋਲਣ ਵਾਲ਼ੇ ਮੌਜੂਦ ਹਨ। ਇਸ ਬਾਰੇ ਪਤਾ ਕਰਨ ਲਈ ਫ਼ੋਨ ਕਰੋ: **0800 085 65 75**.

## ਕਸਟਮਰ ਸਰਵਿਸ ਸੈਂਟਰ

ਜੇ ਤੁਹਾਨੂੰ ਹੇਠ-ਲਿਖੀ ਕਿਸੇ ਕੰਮ ਦਾ ਪਤਾ ਕਰਨਾ ਹੋਵੇ:

- ਰੈਂਟ Rents
- ਰੀਪੇਅਰਾਂ Repairs
- ਟੈਨੈਂਸੀ Tenancy
- ਸਮਾਜ-ਵਿਰੋਧੀ ਸਲੂਕ Anti-social behaviour
- ਤੁਹਾਡੀ ਐਸਟੇਟ Your estate
- ਹੋਰ ਆਮ ਪੁੱਛ-ਗਿੱਛ Any other general enquiries

ਤਾਂ ਕਸਟਮਰ ਸਰਵਿਸ ਸੈਂਟਰ ਨੂੰ ਇਸ ਨੰਬਰ 'ਤੇ ਫ਼ੋਨ ਕਰੋ: **0800 085 65 75**. ਸਾਡੇ ਕੋਲ਼ ਅੰਗਰੇਜ਼ੀ ਤੋਂ ਇਲਾਵਾ ਹੋਰ ਕਈ ਬੋਲੀਆਂ ਬੋਲਣ ਵਾਲ਼ੇ ਸਲਾਹਕਾਰ ਮੌਜੂਦ ਹਨ। ਜੇ ਤੁਸੀਂ ਕਿਸੇ ਐਸਟੇਟ ਮੈਨੇਜਰ ਨਾਲ਼ ਗੱਲ ਕਰਨੀ ਹੋਵੇ ਤੇ ਤੁਹਾਨੂੰ ਤਰਜਮਾ/ਅਨੁਵਾਦ ਕਰਨ ਵਾਲ਼ੇ/ਵਾਲ਼ੀ ਦੀ ਲੋੜ ਹੋਵੇ, ਤਾਂ ਕਿਰਪਾ ਕਰਕੇ ਸਾਨੂੰ ਦੱਸੋ, ਅਸੀਂ ਇੰਤਜ਼ਾਮ ਕਰ ਦਿਆਂਗੇ।

## ਸਲਾਹਵਾਂ ਦੇਣ ਜਾਂ ਅਪਣੇ ਵਿਚਾਰ ਦੱਸਣ ਲਈ

ਜੇ ਤੁਸੀਂ ਇਸ ਵੈੱਬਸਾਈਟ ਬਾਰੇ ਜਾਂ ਦਿੱਤੀ ਜਾਣਕਾਰੀ ਬਾਰੇ ਅਪਣੀ ਸਲਾਹ ਦੇਣੀ ਜਾਂ ਅਪਣੇ ਵਿਚਾਰ ਦੱਸਣੇ ਚਾਹਵੋ, ਤਾਂ ਕਮਿਉਨੀਕੇਸ਼ਨਜ਼ ਟੀਮ ਨੂੰ ਇਨ੍ਹਾਂ ਪਤਿਆਂ 'ਤੇ ਦੱਸੋ:

ਈ-ਮੇਲ communications.team@hounslowhomes.org.uk
ਫ਼ੋਨ 020 8583 4431
ਜਾਂ ਇਸ ਸਰਨਾਮੇ 'ਤੇ ਲਿਖੋ:

Web Manager
Communications Team, Hounslow Homes
St. Catherine's House
2 Hanworth Road
Feltham TW13 5AB